بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَ عَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

- **ਜੰਗੇ ਓਹਦ ਦੇ ਹਾਲਾਤ ਅਤੇ ਉਸ ਸਮੇਂ ਵਾਪਰਨ ਵਾਲਿਆਂ ਘਟਨਾਵਾਂ ਦਾ ਜ਼ਿਕਰ**
- **ਫ਼ਲਸਤੀਨ ਦੇ ਮਾਸੂਮਾਂ ਲਈ ਖ਼ਾਸ ਦੁਆਵਾਂ ਦੀ ਤਹਰੀਕ**

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 15 ਦਸੰਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਜੀਵਨੀ ਦੇ ਹਵਾਲੇ ਨਾਲ ਜੰਗੇ ਓਹਦ ਦਾ ਜ਼ਿਕਰ ਹੋ ਰਿਹਾ ਸੀ। ਜਿਸ ਦਾ ਹੋਰ ਵਿਸਥਾਰ ਇੰਝ ਹੈ ਕਿ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਓਹਦ ਦੇ ਮੈਦਾਨ ਵਿਚੱ ਪੜ੍ਹਾਓ ਪਾਇਆ ਤਾਂ ਮੁਸਲਮਾਨਾਂ ਦੀ ਫ਼ੌਜ ਦੇ ਪਿੱਛੇ ਇਕੱ ਪਾਸੇ ਓਹਦ ਦਾ ਪਹਾੜ੍ਹ ਸੀ। ਜਿਸ ਕਰਕੇ ਮੁਸਲਮਾਨ ਫ਼ੌਜ ਪਿਛੱਲੇ ਪਾਸਿਓਂ ਹਮਲਾ ਹੋਣ ਤੋਂ ਸੁਰਖਿੱਅਤ ਸੀ। ਪਰ ਇਕੱ ਪਾਸੇ ਪਹਾੜ੍ਹੀ ਰਾਸਤਾ ਸੀ ਅਤੇ ਇਹ ਰਾਹ ਅਜਿਹਾ ਸੀ ਕਿ ਦੁਸ਼ਮਨ ਉਸ ਪਾਸਿਓਂ ਹਮਲਾ ਕਰ ਸਕਦਾ ਸੀ। ਸੋ, ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਇਸ ਕਮਜ਼ੋਰੀ ਅਤੇ ਖ਼ਤਰੇ ਨੂੰ ਭਾਂਪਦੇ ਹੋਏ 50 ਤੀਰ ਚਲਾਉਣ ਵਾਲੇ ਸਹਾਬੀ ਰਜ਼ੀ ਅੱਲਾਹ ਅੰਨਹੁਮਾ ਦੇ ਇਕੱ ਦਸਤੇ ਉੱਤੇ ਅਬਦੁੱਲਾਹ ਬਿਨ ਜੁਬੈਰ ਰਜ਼ੀ ਅੱਲਾਹ ਅੰਨਹੁ ਨੂੰ ਅਮੀਰ ਬਣਾ ਕੇ ਉਸ ਰਾਸਤੇ ਉੱਤੇ ਤੈਨਾਤ ਕੀਤਾ। ਆਪ ਸਲੱਲਾਹੁ ਅਲੈਹਿ ਵਸਲੱਮ ਨੇ ਉਹਨਾਂ ਤੀਰ ਚਲਾਉਣ ਵਾਲਿਆਂ ਨੂੰ ਇਹ ਹਦਾਯਤ ਦਿੱਤੀ ਕਿ ਜੇਕਰ ਤੁਸੀਂ ਵੇਖੋ ਕਿ ਸਾਨੂੰ ਪਰਿੰਦੇ ਉਚਕੱ ਰਹੇ ਹਨ ਜਾਂ ਅਸੀਂ ਦੁਸ਼ਮਨ ਫ਼ੌਜ ਨੂੰ ਹਰਾ ਦਿੱਤਾ ਅਤੇ ਉਸ ਨੂੰ ਮਿੱਟੀ ਵਿਚੱ ਮਿਲਾ ਦਿੱਤਾ ਤਾਂ ਵੀ ਕਦੇ ਆਪਣੀ ਉਸ ਥਾਂ ਨੂੰ ਨ ਛਡੱਣਾ। ਇੱਥੇ ਤਕੱ ਕਿ ਮੈਂ ਤੁਹਾਨੂੰ ਸੰਦੇਸ਼ ਭੇਜਾਂ (ਰਾਹ ਛਡੱਣ ਦਾ)।

ਇਕੱ ਜੀਵਣੀਕਾਰ ਲਿਖੱਦਾ ਹੈ ਕਿ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਤੁਸੀਂ ਦੁਸ਼ਮਨਾਂ ਦੇ ਘੁੜ੍ਹ ਸਵਾਰਾਂ ਨੂੰ ਸਾਡੇ ਤੋਂ ਦੂਰ ਰਖੱਣਾ ਤਾਂ ਕਿ ਉਹ ਸਾਡੇ ਪਿਛੱਲੇ ਪਾਸਿਓਂ ਹਮਲਾ ਨ ਕਰ ਸਕਣ। ਬੇਸ਼ਕੱ ਅਸੀਂ ਤਦੱ ਤਕੱ ਗ਼ਾਲਿਬ ਰਹਿਣਗੇ। ਜਦੱ ਤਕੱ ਤੁਸੀਂ ਆਪਣੀ ਥਾਂ ਉੱਤੇ ਕਾਯਮ ਹੋ। ਫ਼ਿਰ ਫ਼ਰਮਾਇਆ ਕਿ ਹੇ ਰਬੱ ! ਮੈਂ ਤੈਨੂੰ ਉਹਨਾਂ ਉੱਤੇ ਗਵਾਹ ਬਣਾਉਣਾ।

ਇਕੱ ਲੇਖਕ ਨੇ ਲਿਖਿੱਆ ਹੈ ਕਿ ਆਪ ਸਲੱਲਾਹੁ ਅਲੈਹਿ ਵਸਲੱਮ ਦੀ ਇਹ ਜੰਗੀ ਸੂਝ ਬੂਝ ਅਜਿਹੀ ਸੋਹਣੀ ਅਤੇ ਸ਼ਾਨਦਾਰ ਸੀ। ਜਿਸ ਨਾਲ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਫ਼ੌਜੀ ਅਗਵਾਈ ਦੀ ਗ਼ੈਰ ਮਾਮੂਲੀ ਖ਼ੂਬੀਆਂ ਦਾ ਪਤਾ ਲਗੱਦਾ ਹੈ ਅਤੇ ਸਾਬਤ ਹੁੰਦਾ ਹੈ ਕਿ ਕੋਈ ਕਮਾਂਡਰ ਭਾਵੇਂ ਕਿੰਨ੍ਹਾ ਹੀ ਸਿਆਣਾ ਕਿਉਂ

ਨ ਹੋਵੇ। ਆਪ ਸੱਲੱਲਾਹੁ ਅਲੈਹਿ ਵਸਲੱਮ ਤੋਂ ਵਧੱ ਸੂਖ਼ਮ, ਸੋਹਣਾ ਅਤੇ ਸਿਆਣਪ ਭਰਪੂਰ ਜੰਗੀ ਮਨਸੂਬਾ ਤਿਆਰ ਨਹੀਂ ਕਰ ਸਕਦਾ।

ਤੀਰ ਚਲਾਉਣ ਵਾਲਿਆਂ ਨੂੰ ਓਹਦ ਉੱਤੇ ਤੈਨਾਤ ਕਰਨ ਦੇ ਬਾਦ ਆਂਹਜ਼ਰਤ ਸੱਲੱਲਾਹੁ ਅਲੈਹਿ ਵਸਲੱਮ ਸੰਤੁਸ਼ਟ ਹੋ ਗਏ ਅਤੇ ਸਤਰਾਂ ਨੂੰ ਸਿੱਧਾ ਕਰਨ ਲਗੱ ਪਏ। ਗਿਣਤੀ ਅਤੇ ਜੰਗ ਦੇ ਸਮਾਨ ਦੇ ਹਿਸਾਬ ਨਾਲ ਭਾਵੇਂ ਮੁਸਲਮਾਨਾਂ ਦੀ ਹਾਲਤ ਕਮਜ਼ੋਰ ਸੀ। ਮੁਸ਼ਰਿਕਾਂ ਦੀਆਂ 10 ਸਤਰਾਂ ਸਨ। ਜਦੱ ਕਿ ਇਸਲਾਮੀ ਲਸ਼ਕਰ ਦੀਆਂ ਕੇਵਲ 02 ਸਤਰਾਂ ਸਨ ਅਤੇ 50 ਤੀਰ ਚਲਾਉਣ ਵਾਲੇ ਪਹਾੜ੍ਹੀ ਉੱਤੇ ਸਨ। ਆਂਹਜ਼ਰਤ ਸੱਲੱਲਾਹੁ ਅਲੈਹਿ ਵਸਲੱਮ ਰੋ ਰੋ ਕੇ ਨਿਮਰਤਾ ਨਾਲ ਰਬੱ ਤੋਂ ਦੁਆਵਾਂ ਮੰਗ ਰਹੇ ਸਨ। ਹਜ਼ਰਤ ਅਨਸ ਰਜ਼ੀ ਅੱਲਾਹ ਅੰਨਹੁ ਤੋਂ ਸਾਖੀ ਹੈ ਕਿ ਆਂਹਜ਼ਰਤ ਸੱਲੱਲਾਹੁ ਅਲੈਹਿ ਵਸਲੱਮ ਓਹਦ ਦੇ ਦਿਨ ਇਹ ਦੁਆ ਕਰ ਰਹੇ ਸਨ ਕਿ ਹੇ ਰਬੱ! ਜੇਕਰ ਤੂੰ ਪਸੰਦ ਕਰੇ ਤਾਂ ਜ਼ਮੀਨ ਵਿਚੱ ਤੇਰੀ ਇਬਾਦਤ ਨਹੀਂ ਕੀਤੀ ਜਾਵੇਗੀ। ਅਰਥਾਤ ਜੇਕਰ ਤੂੰ ਮਦਦ ਨ ਕੀਤੀ ਤਾਂ ਫ਼ਿਰ ਇਹੀ ਹਾਲ ਹੋਵੇਗਾ। ਕੁਝੱ ਸਾਖੀਆਂ ਵਿਚੱ ਹੈ ਕਿ ਜੰਗੇ ਬਦਰ ਦੇ ਦਿਨ ਵੀ ਇਹੀ ਦੁਆ ਕੀਤੀ ਸੀ।

ਹਜ਼ਰਤ ਸਾਅਦ ਬਿਨ ਅਬੀ ਵਕਾਸ ਰਜ਼ੀ ਅੱਲਾਹ ਅੰਨਹੁ ਤੋਂ ਸਾਖੀ ਹੈ ਕਿ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੁ ਨੇ ਕਿਹਾ : ਆਓ ਅਸੀਂ ਦੋਵੇਂ ਮਿਲ ਕੇ ਦੁਆਵਾਂ ਮੰਗਦੇ ਹਾਂ। ਹਜ਼ਰਤ ਸਅਦ ਰਜ਼ੀ ਅੱਲਾਹ ਅੰਨਹੁ ਨੇ ਦੁਆ ਮੰਗੀ ਕਿ ਹੇ ਮੇਰੇ ਰਬੱ! ਕਲੱ੍ਹ ਜਦੱ ਸਾਡਾ ਦੁਸ਼ਮਨ ਨਾਲ ਆਮ੍ਹਣੇਂ ਸਾਮ੍ਹਣਾ ਹੋਵੇ ਤਾਂ ਮੇਰਾ ਸਾਮ੍ਹਣਾ ਬਹੁਤ ਸ਼ਕਤੀਸ਼ਾਲੀ ਲੜ੍ਹਾਕੂ ਨਾਲ ਹੋਵੇ ਅਤੇ ਮੈਂ ਉਸ ਨੂੰ ਕਤਲ ਕਰਾਂ। ਫ਼ਿਰ ਹਜ਼ਰਤ ਅਬਦੁੱਲਾਹ ਬਿਨ ਹਜਸ਼ ਨੇ ਦੁਆ ਮੰਗੀ ਕਿ ਹੇ ਰਬੱ! ਕਲੱ੍ਹ ਮੇਰਾ ਸਾਮ੍ਹਣਾ ਅਜਿਹੇ ਵਿਅਕਤੀ ਨਾਲ ਹੋਵੇ ਜੋ ਬਹੁਤ ਤਾਕਤਵਰ ਹੋਵੇ ਅਤੇ ਜੋ ਮੇਰੇ ਨਕੱ ਕੰਨ ਕਟੱ ਦੇਵੇ ਅਤੇ ਜਦੱ ਮੈਂ ਤੈਨੂੰ ਮਿਲਾਂ ਤਾਂ ਮੈਂ ਕਹਾਂ ਕਿ ਤੇਰੀ ਅਤੇ ਤੇਰੇ ਰਸੂਲ ਸੱਲੱਲਾਹੁ ਅਲੈਹਿ ਵਸਲੱਮ ਦੀ ਰਜ਼ਾ ਵਿਚੱ ਮੇਰਾ ਇਹ ਹਾਲ ਹੋਇਆ ਹੈ। ਫ਼ਿਰ ਜੰਗ ਵਿਚੱ ਦੋਵਾਂ ਨਾਲ ਉਹਨਾਂ ਦੀਆਂ ਦੁਆਵਾਂ ਅਨੁਸਾਰ ਹੀ ਹੋਇਆ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਸੀਰਤ ਖ਼ਾਤਮੁਨੱਬੀਯੀਨ ਸੱਲੱਲਾਹੁ ਅਲੈਹਿ ਵਸਲੱਮ ਵਿਚੱ ਲਿਖੱਦੇ ਹਨ ਕਿ ਆਪਣੇ ਪਿਛੱਲੇ ਪਾਸੇ ਨੂੰ ਪੂਰੀ ਤਰ੍ਹਾਂ ਸੁਰਖਿੱਅਤ ਕਰਕੇ ਆਪ ਸੱਲੱਲਾਹੁ ਅਲੈਹਿ ਵਸਲੱਮ ਨੇ ਇਸਲਾਮੀ ਲਸ਼ਕਰ ਦੀਆਂ ਸਤਰਾਂ ਸਿਧਿੱਆਂ ਕੀਤੀਆਂ ਅਤੇ ਵਖੱ ਵਖੱ ਜਥਿੱਆਂ ਦੇ ਵਖੱ ਵਖੱ ਅਮੀਰ ਬਣਾਏ। ਇਸ ਮੌਕੇ ਉੱਤੇ ਆਪ ਸੱਲੱਲਾਹੁ ਅਲੈਹਿ ਵਸਲੱਮ ਨੂੰ ਇਹ ਖ਼ਬਰ ਦਿੱਤੀ ਗਈ ਕਿ ਕੁਰੈਸ਼ ਦੇ ਲਸ਼ਕਰ ਦਾ ਝੰਡਾ ਤਲਹਾ ਦੇ ਹਥੱ ਵਿਚੱ ਹੈ। ਇਹ ਪਤਾ ਕਰਕੇ ਆਪ ਸੱਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਅਸੀਂ ਕੌਮੀ ਵਫ਼ਾਦਾਰੀ ਵਿਖਾਉਣ ਦੇ ਵਧੱ ਹਕੱਦਾਰ ਹਨ। ਸੋ, ਆਪ ਸੱਲੱਲਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅੱਲਾਹ ਨਾਲ ਮੁਹਾਜਿਰਾਂ ਦਾ ਝੰਡਾ ਲੈ ਕੇ ਮਸਅਬ ਬਿਨ ਉਮੈਰ ਰਜ਼ੀ ਅੱਲਾਹ ਅੰਨਹੁ ਦੇ ਹਵਾਲੇ ਕੀਤਾ। ਜੋ ਉਸੇ ਖ਼ਾਨਦਾਨ ਦੇ ਇਕੱ ਵਿਅਕਤੀ ਸਨ। ਜਿਸ ਨਾਲ ਤਲਹਾ ਸੰਬੰਧ ਰਖੱਦਾ ਸੀ। ਦੂਜੇ ਪਾਸੇ ਅਬੂ ਸੁਫ਼ਯਾਨ ਲਸ਼ਕਰ ਦਾ ਅਮੀਰ ਸੀ ਅਤੇ ਔਰਤਾਂ ਲਸ਼ਕਰ ਦੇ ਪਿੱਛੇ ਢੋਲ੍ਹ ਵਜਾ ਵਜਾ ਕੇ ਅਤੇ ਗੀਤ ਗਾ ਗਾ ਕੇ ਮਰਦਾਂ ਨੂੰ ਜੋਸ਼ ਦੁਆ ਰਹੀਆਂ ਸਨ।

ਜੰਗ ਦਾ ਆਰੰਭ ਅਬੂ ਆਮਿਰ ਨੇ ਕੀਤਾ। ਇਹ ਕਬੀਲਾ ਓਸ ਵਿੱਚੋਂ ਸੀ ਅਤੇ ਮਦੀਨਾ ਦਾ ਰਹਿਣ ਵਾਲਾ ਸੀ ਅਤੇ ਉਸ ਨੂੰ ਰਾਹਿਬ ਦੇ ਨਾਂ ਨਾਲ ਸਦਿੱਆ ਜਾਂਦਾ ਸੀ। ਇਹ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨਾਲ ਈਰਖਾ ਅਤੇ ਵਿਰੋਧ ਕਰਕੇ ਨਸੱ ਕੇ ਮੱਕੇ ਚਲਾ ਗਿਆ ਸੀ ਅਤੇ ਉਹ ਗ਼ਲਤੀ ਉੱਤੇ ਸੀ ਕਿ ਜਦੱ ਮੈਂ ਮੈਦਾਨ ਵਿਚੱ ਜਾਵਾਂਗਾ ਤਾਂ ਮੇਰੇ ਕਬੀਲੇ ਵਾਲੇ ਮੇਰੇ ਨਾਲ ਰਲੱ ਜਾਣਗੇ। ਇਸ ਉਮੀਦ ਨਾਲ ਉਸ ਨੇ ਜਦੱ ਉੱਚੀ ਆਵਾਜ਼ ਨਾਲ ਹੋਕਾ ਦਿੱਤਾ ਕਿ ਹੇ ਓਸ ਦੀ ਫ਼ੌਜ ! ਮੈਂ ਅਬੂ ਆਮਿਰ ਹਾਂ। ਤਦੱ ਅਨੰਸਾਰ ਨੇ ਕਿਹਾ ਕਿ ਹੇ ਫ਼ਾਸਿਕ ! ਤੇਰੀ ਅੱਖਾਂ ਠੰਡੀਆਂ ਨ ਹੋਣ ਅਤੇ ਉਹਨਾਂ ਉੱਤੇ ਪਥੱਰ ਸੁੱਟੇ। ਤਦੱ ਉਹ ਆਪਣੇ ਸਾਥੀਆਂ ਨਾਲ ਭਜੱ ਗਿਆ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਇਸ ਦੀ ਵਿਆਖਿਆ ਵਿਚੱ ਲਿਖੱਦੇ ਹਨ ਕਿ ਅਬੂ ਆਮਿਰ ਅਤੇ ਉਸ ਦੇ ਸਾਥੀਆਂ ਦੇ ਨਸੱਣ ਦੇ ਨਜ਼ਾਰੇ ਨੂੰ ਵੇਖ ਕੇ ਕੁਰੈਸ਼ ਦਾ ਸਰਦਾਰ ਤਲਹਾ ਬਹੁਤ ਜੋਸ਼ ਨਾਲ ਅੱਗੇ ਵਧਿੱਆ ਅਤੇ ਬਹੁਤ ਹਓਮੇ ਨਾਲ ਲਲਕਾਰ ਮਾਰੀ। ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਅੱਗੇ ਵਧੇ ਅਤੇ ਦੋ ਚਾਰ ਹੱਥਾਂ ਵਿਚੱ ਤਲਹਾ ਨੂੰ ਕਟੱ ਕੇ ਰਖੱ ਦਿੱਤਾ। ਉਸ ਦੇ ਬਾਦ ਕੁਰੈਸ਼ ਵੱਲੋਂ ਕਰੀਬ 09 ਲੋਕਾਂ ਨੇ ਆਪਣੇ ਕੌਮੀ ਝੰਡੇ ਨੂੰ ਆਪਣੇ ਹਥੱ ਵਿਚੱ ਲਿਆ। ਪਰ ਸਾਰੇ ਦੇ ਸਾਰੇ ਵਾਰੀ ਵਾਰੀ ਮੁਸਲਮਾਨਾਂ ਦੇ ਹੱਥੋਂ ਕਤਲ ਹੋਏ।

ਅਰਥਾਤ ਕੁਰੈਸ਼ ਦੇ ਸਰਸਾਰ ਦੇ ਮਾਰੇ ਜਾਣ ਮਗਰੋਂ ਦੋਵੇਂ ਫ਼ੌਜਾਂ ਆਪਸ ਵਿਚੱ ਗੁਥੱਮ ਗੁੱਥਾ ਹੋ ਗਈਆਂ ਅਤੇ ਬਹੁਤ ਖ਼ਤਰਨਾਕ ਲੜ੍ਹਾਈ ਹੋਈ ਅਤੇ ਇਕੱ ਸਮੇਂ ਤਕੱ ਦੋਵੇਂ ਪਾਸਿਓਂ ਕਤਲ ਅਤੇ ਲਹੂ ਦਾ ਸਿਲਸਿਲਾ ਜਾਰੀ ਰਿਹਾ। ਅੰਤ ਹਲਕੇ ਹਲਕੇ ਇਸਲਾਮੀ ਲਸ਼ਕਰ ਦੇ ਸਾਮ੍ਹਣੇ ਕੁਰੈਸ਼ ਦੀ ਫ਼ੌਜ ਦੇ ਪੈਰ੍ਹ ਉਖੜ੍ਹਣੇ ਸ਼ੁਰੂ ਹੋ ਗਏ।

ਪ੍ਰਸਿਧੱ ਅੰਗਰੇਜ਼ੀ ਇਤਿਹਾਸਕਾਰ ਸਰ ਵਿਲਿਅਮ ਮਿਓਰ ਲਿਖੱਦਾ ਹੈ ਕਿ ਮੁਸਲਮਾਨਾਂ ਦੇ ਖ਼ਤਰਨਾਕ ਹਮਲਿਆਂ ਦੇ ਸਾਮ੍ਹਣੇ ਮੱਕੀ ਲਸ਼ਕਰ ਦੇ ਪੈਰ੍ਹ ਉਖੜ੍ਹਣ ਲਗੱ ਗਏ। ਮੁਸਲਮਾਨਾਂ ਵੱਲੋਂ ਓਹਦ ਦੇ ਮੈਦਾਨ ਵਿਚੱ ਵੀ ਉਹੀ ਬਹਾਦਰੀ, ਮਰਦਾਨਗੀ ਅਤੇ ਮੌਤ ਤੇ ਡਰ ਨਾਲ ਉਹੀ ਬੇਪਰਵਾਹੀ ਵਿਖਾਈ ਗਈ। ਜੋ ਬਦਰ ਦੇ ਮੌਕੇ ਉੱਤੇ ਉਹਨਾਂ ਨੇ ਵਿਖਾਈ ਸੀ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਬਿਆਨ ਕੀਤਾ ਹੈ ਕਿ ਲੜ੍ਹਾਈ ਹੋਈ ਅਤੇ ਰਬੱ ਦੀ ਮਦਦ ਤੇ ਸਹਾਇਤਾ ਨਾਲ ਥੋੜ੍ਹੀ ਦੇਰ ਵਿਚੱ 650 ਮੁਸਲਮਾਨਾਂ ਦੇ ਮੁਕਾਬਲੇ ਉੱਤੇ ਤਿੰਨ ਹਜ਼ਾਰ ਮੱਕੇ ਦੇ ਅਨੁਭਵੀ ਸਪਾਹੀ ਸਿਰ ਉੱਤੇ ਪੈਰ੍ਹ ਰਖੱ ਕੇ ਭੱਜੇ। ਇਸ ਮੌਕੇ ਉੱਤੇ ਪਹਾੜ੍ਹੀ ਉੱਤੇ ਮੌਜੂਦ ਮੁਸਲਮਾਨਾਂ ਨੇ ਮਸਝਿਆ ਕਿ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਜੋ ਕੁਝੱ ਫ਼ਰਮਾਇਆ ਸੀ। ਕੇਵਲ ਸਮਝਾਉਣ ਲਈ ਫ਼ਰਮਾਇਆ ਸੀ। ਨਹੀਂ ਤਾਂ ਆਪ ਸਲੱਲਾਹੁ ਅਲੈਹਿ ਵਸਲੱਮ ਦਾ ਅਰਥ ਇਹ ਨਹੀਂ ਹੋ ਸਕਦ ਸੀ ਕਿ ਦੁਸ਼ਮਨ ਭਜੱ ਜਾਵੇ ਤਾਂ ਵੀ ਉੱਥੇ ਖੜ੍ਹੇ ਰਹੋ। ਇਸ ਲਈ ਉਹਨਾਂ ਨੇ ਪਹਾੜ੍ਹੀ ਵਾਲਾ ਰਾਸਤਾ ਛਡੱ ਦਿੱਤਾ ਅਤੇ ਜੰਗ ਦੇ ਮੈਦਾਨ ਵਿਚੱ ਕੂਦ ਪਏ। ਇਸ ਅਵਗਿਆ ਕਰਕੇ ਫ਼ਿਰ ਬਾਦ ਵਿਚੱ ਜੋ ਨਤੀਜੇ ਪ੍ਰਕਟ ਹੋਏ ਉਹਨਾਂ ਦਾ ਫ਼ਿਰ ਜ਼ਿਕਰ ਹੋਵੇਗਾ।

ਹਜ਼ਰਤ ਅਨਸ ਰਜ਼ੀ ਅੱਲਾਹ ਅੰਨਹੁ ਸਾਖੀ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਓਹਦ ਦੇ ਦਿਨ ਇਕੱ ਤਲਵਾਰ ਪਕੜ੍ਹੀ ਅਤੇ ਫ਼ਰਮਾਇਆ ਕਿ ਉਸ ਨੂੰ ਮੇਰੇ ਤੋਂ ਕੌਣ ਲਏਗਾ ? ਹਜ਼ਰਤ ਅਬੂ ਦਜਾਨਾ ਰਜ਼ੀ ਅੱਲਾਹ ਅੰਨਹੁ ਨੇ ਪੁਛਿੱਆ ਕਿ ਇਸ ਦਾ ਹਕੱ ਕੀ ਹੈ ? ਆਪ ਸਲੱਲਾਹੁ ਅਲੈਹਿ

ਵਸਲੱਮ ਨੇ ਫ਼ਰਮਾਇਆ ਕਿ ਇਸ ਨਾਲ ਕਿਸੇ ਮੁਸਲਮਾਨ ਨੂੰ ਕਤਲ ਨ ਕਰਨਾ ਅਤੇ ਕਿਸੇ ਕਾਫ਼ਰ ਤੋਂ ਨ ਭਜੱਣਾ ਅਤੇ ਡਟੱ ਕੇ ਮੁਕਾਬਲਾ ਕਰਨਾ । ਉਹਨਾਂ ਤਲਵਾਰ ਲੈ ਕੇ ਮੁਸ਼ਰਿਕਾਂ ਦੇ ਸਿਰ ਫ਼ਾੜ੍ਹ ਦਿੱਤੇ ਅਤੇ ਉਸ ਦਾ ਹਕੱ ਅਦਾ ਕਰ ਦਿੱਤਾ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਲਿਖੱਦੇ ਹਨ ਕਿ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਤਲਵਾਰ ਲੈਣ ਦੇ ਸਭ ਤੋਂ ਵਧੱ ਇਛੁੱਕ ਜ਼ੁਬੈਰ ਰਜ਼ੀ ਅੱਲਾਹ ਅੰਨਹੁ ਸਨ ਪਰ ਜਦੱ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਤਲਵਾਰ ਅਬੂ ਦਜਾਨਾ ਰਜ਼ੀ ਅੱਲਾਹ ਅੰਨਹੁ ਨੂੰ ਦਿੱਤੀ ਤਾਂ ਉਹਨਾਂ ਨੇ ਅਹਦ ਕੀਤਾ ਕਿ ਉਹ ਵੇਖਣਗੇ ਕਿ ਅਬੂ ਦਜਾਨਾ ਰਜ਼ੀ ਅੱਲਾਹ ਅੰਨਹੁ ਉਸ ਤਲਵਾਰ ਨਾਲ ਕੀ ਕਰਦੇ ਹਨ । ਸੋ, ਉਹ ਕਹਿੰਦੇ ਹਨ ਕਿ ਅਬੂ ਦਜਾਨਾ ਰਜ਼ੀ ਅੱਲਾਹ ਅੰਨਹੁ ਤਲਵਾਰ ਲੈ ਕੇ ਮੁਸ਼ਰਿਕਾਂ ਦੀਆਂ ਸਫ਼ਾਂ ਵਿਚੱ ਵੜ੍ਹ ਗਏ ਅਤੇ ਦੁਸ਼ਮਨਾਂ ਨੂੰ ਮਾਰਦੇ ਹੋਏ ਲਸ਼ਕਰ ਦੇ ਦੂਜੇ ਪਾਸੇ ਉੱਤੇ ਪਹੁੰਚ ਗਏ । ਜਿੱਥੇ ਕੁਰੈਸ਼ ਦੀਆਂ ਔਰਤਾਂ ਖੜ੍ਹੀਆਂ ਸਨ । ਹਿੰਦ ਪਤਨੀ ਅਬੂ ਸੁਫ਼ਯਾਨ ਉਹਨਾਂ ਦੇ ਸਾਮ੍ਹਣੇ ਆਈ ਅਤੇ ਬਹੁਤ ਜ਼ੋਰ ਨਾਲ ਚੀਖ਼ ਮਾਰ ਕੇ ਆਪਣੇ ਮਰਦਾਂ ਨੂੰ ਮਦਦ ਲਈ ਸਦਿੱਆ । ਪਰ ਕੋਈ ਉਸ ਦੀ ਮਦਦ ਨੂੰ ਨ ਆਇਆ । ਅਬੂ ਦਜਾਨਾ ਰਜ਼ੀ ਅੱਲਾਹ ਅੰਨਹੁ ਨੇ ਆਪਣੀ ਤਲਵਾਰ ਥੱਲ੍ਹੇ ਕਰ ਲਈ ਅਤੇ ਉੱਥੋਂ ਹਟੱ ਗਏ ਅਤੇ ਬਾਦ ਵਿਚੱ ਜ਼ੁਬੈਰ ਰਜ਼ੀ ਅੱਲਾਹ ਅੰਨਹੁ ਦੇ ਪੁਛੱਣ ਉੱਤੇ ਦਸਿੱਆ ਕਿ ਮੇਰਾ ਦਿਲ੍ਹ ਇਸ ਗਲੱ੍ਹ ਉੱਤੇ ਤਿਆਰ ਨਹੀਂ ਹੋਇਆ ਕਿ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਤਲਵਾਰ ਇਕੱ ਔਰਤ ਉੱਤੇ ਚੁੱਕਾਂ ਅਤੇ ਔਰਤ ਵੀ ਉਹ ਜਿਸ ਨਾਲ ਕੋਈ ਮਰਦ ਰਾਖੀ ਕਰਨ ਵਾਲਾ ਨਹੀਂ ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਲਿਖੱਦੇ ਹਨ ਕਿ ਆਪ ਸਲੱਲਾਹੁ ਅਲੈਹਿ ਵਸਲੱਮ ਸਦਾ ਔਰਤਾਂ ਦੇ ਆਦਰ ਦੀ ਸਿਖਿੱਆ ਦਿੰਦੇ ਸਨ । ਜਿਸ ਕਰਕੇ ਕੁੱਫ਼ਾਰ ਦੀਆਂ ਔਰਤਾਂ ਵਧੱ ਹੌਸਲੇ ਨਾਲ ਮੁਸਲਮਾਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੀਆਂ ਸਨ । ਪਰ ਫ਼ਿਰ ਵੀ ਮੁਸਲਮਾਨ ਇਹਨਾਂ ਗੱਲ੍ਹਾਂ ਨੂੰ ਬਰਦਾਸ਼ਤ ਕਰਦੇ ਚਲੇ ਜਾਂਦੇ ਸਨ । ਸੋ, ਇਹ ਹਨ ਇਸਲਾਮੀ ਜੰਗਾਂ ਦੇ ਕਾਨੂੰਨ । ਬਾਕੀ ਇੰਸ਼ਾ-ਅੱਲਾਹ ਬਾਦ ਵਿਚੱ ।

ਅੰਤ ਵਿਚੱ ਹਜ਼ੂਰੇ ਅਨਵਰ ਨੇ ਫ਼ਰਮਾਇਆ : ਫ਼ਲਸਤੀਨੀਆਂ ਲਈ ਦੁਆਵਾਂ ਕਰਦੇ ਰਹੋ । ਜ਼ੁਲਮ ਦਾ ਅੰਤ ਹਰ ਦਿਨ ਹੋ ਰਿਹਾ ਹੈ । ਸਗੋਂ ਵਧੱਦਾ ਜਾ ਰਿਹਾ ਹੈ । ਰਬੱ ਹੁਣ ਜ਼ਾਲਮਾਂ ਨੂੰ ਫ਼ੜ੍ਹੇ ਅਤੇ ਮਜ਼ਲੂਮ ਫ਼ਲਸਤੀਨੀਆਂ ਲਈ ਵੀ ਆਸਾਨੀ ਪੈਦਾ ਕਰੇ । ਮੁਸਲਮਾਨ ਦੇਸ਼ਾਂ ਨੂੰ ਵੀ ਅਕਲ ਅਤੇ ਸਮਝ ਬਖ਼ਸ਼ੇ ਕਿ ਉਹਨਾਂ ਦੀ ਆਵਾਜ਼ ਇਕੱ ਹੋਵੇ ਅਤੇ ਉਹ ਮੁਸਲਮਾਨ ਭਰਾਵਾਂ ਲਈ ਉਹਨਾਂ ਦਾ ਹਕੱ ਅਦਾ ਕਰਨ ਲਈ ਕੋਸ਼ਿਸ਼ ਕਰਨ ਵਾਲੇ ਹੋਣ ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَن یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔